ਦੇਗ ਤੇਗ ਫਤਿਹ॥

## ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਪ੍ਰਤੀਕ

# ਹੋਲਾ ਮਹੱਲਾ ਪੁਰਬ







## ੮ ਚੇਤ, ਨਾਨਕਸ਼ਾਹੀ ਸੰਮਤ ੫੫੧

ਮੁਤਾਬਿਕ

## ਵੀਰਵਾਰ, 21 ਮਾਰਚ 2019

ਨੂੰ

# ਗੁਰਦੁਆਰਾ ਦਮਦਮਾ ਸਾਹਿਬ

## ਨੇੜੇ ਨਿਜਾਮੁਦੀਨ, ਨਵੀਂ ਦਿੱਲੀ

**ਵਿਖੇ ਅੰਮ੍ਰਿਤ ਵੇਲੇ ਤੋਂ ਦੁਪਹਿਰ ਬਾਅਦ ਤੱਕ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।**

**ਦੀਵਾਨ** ਦਸਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਚੱਲਤ ਕੀਤੀ ਪ੍ਰੰਪਰਾ ਅਨੁਸਾਰ ਹੋਲੇ ਮਹੱਲੇ ਦਾ ਦੀਵਾਨ ਅੰਮ੍ਰਿਤ ਵੇਲੇ ਤੋਂ ਦੁਪਹਿਰ ਬਾਅਦ ਤੱਕ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਸਜਾਇਆ ਜਾ ਰਿਹਾ ਹੈ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜਥੇ/ਕਥਾਵਾਚਕ ਗੁਰਬਾਣੀ ਦੇ ਕੀਰਤਨ/ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਪ੍ਰਸਿੱਧ ਵਿਦਵਾਨ ਗੁਰਮਤਿ ਵਿਚਾਰਾਂ ਰਾਹੀਂ ਹੋਲੇ ਮਹੱਲੇ ਦੀ ਇਤਿਹਾਸਕ ਮਹੱਤਤਾ ਤੋਂ ਜਾਣੂ ਕਰਵਾਉਣਗੇ।

**ਇਸ ਮੌਕੇ 'ਤੇ ਖਾਲਸਈ ਪਰੰਪਰਾ ਅਨੁਸਾਰ ਗਤਕਈ ਅਖਾੜੇ ਸ਼ਸਤਰ ਵਿਦਿਆ ਦਾ ਪ੍ਰਦਰਸ਼ਨ ਕਰਨਗੇ**

**ਬਾਲਾ ਪ੍ਰੀਤਮ ਐਜੂਕੇਸ਼ਨ ਫੰਡ** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋੜਵੰਦ ਸਿੱਖ ਬੱਚਿਆਂ ਲਈ 'ਬਾਲਾ ਪ੍ਰੀਤਮ ਐਜੂਕੇਸ਼ਨ ਫੰਡ' ਦੀ ਸਥਾਪਨਾ ਕੀਤੀ ਗਈ ਹੈ। ਇਹ ਫੰਡ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਸਿੱਖ ਬੱਚਿਆਂ ਦੀ ਪੜਾਈ 'ਤੇ ਖਰਚ ਕੀਤਾ ਜਾਵੇਗਾ ਤਾਂ ਜੋ ਸਿੱਖ ਪਨੀਰੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਕੇ ਨਵੇਂ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕੇ। ਇਸ ਸਕੀਮ ਦਾ ਲਾਭ ਕੇਵਲ ਉਨ੍ਹਾਂ ਲੋੜਵੰਦ ਬੱਚਿਆਂ ਨੂੰ ਹੀ ਮਿਲੇਗਾ, ਜਿਹੜੇ ਸਰਕਾਰੀ ਘੱਟ ਗਿਣਤੀ ਸਕੀਮਾਂ ਦਾ ਅਤੇ ਦਿੱਲੀ ਕਮੇਟੀ ਦੀਆਂ ਸਕੀਮਾਂ ਦਾ ਲਾਭ ਪ੍ਰਾਪਤ ਨਹੀਂ ਕਰ ਸਕੇ ਹੋਣਗੇ। ਸੰਗਤਾਂ ਨੂੰ ਬੇਨਤੀ ਹੈ ਕਿ ਇਸ ਫੰਡ ਵਿੱਚ ਆਪਣਾ ਦਸਵੰਧ ਦਿੱਲੀ ਕਮੇਟੀ ਦੁਆਰਾ ਸਥਾਪਿਤ ਕੀਤੇ ਗਏ AXIS Bank Account No. 916010049310190 IFS Code : UTIB0000478 'ਚ ਜਮ੍ਹਾਂ ਕਰਵਾ ਕੇ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਣ 'Chardikla Time T.V.' ਚੈਨਲ ਅਤੇ ਵੈਬਸਾਈਟ www.dsgmc.in, www.kirtanpardhana.com, www.santbaani.com 'ਤੇ ਹੋਵੇਗਾ

**ਸੰਗਤਾਂ ਇਸ ਸਮਾਗਮ ਵਿੱਚ ਆਪਣੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲਾ ਕਰਨ**

ਗੁਰੂ ਪੰਥ ਦੇ ਦਾਸ

ਹਰਮੀਤ ਸਿੰਘ ਕਾਲਕਾ ਕਾਰਜਕਾਰੀ ਪ੍ਰਧਾਨ, ਮਨਜਿੰਦਰ ਸਿੰਘ ਸਿਰਸਾ ਜਨਰਲ ਸਕੱਤਰ

ਜਤਿੰਦਰਪਾਲ ਸਿੰਘ, ਚਮਨ ਸਿੰਘ ਸਾਹਿਬਪੁਰਾ, ਮਨਮੋਹਨ ਸਿੰਘ ਵਿਕਾਸਪੁਰੀ ਮੈਂਬਰ, ਧਰਮ ਪ੍ਰਚਾਰ ਸਬ-ਕਮੇਟੀ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ - 1 ਫ਼ੋਨ : 23712580, 23712581, 23712582, 23737328, 23737329 ਫੈਕਸ : 23317511
Website : http://www.dsgmc.in Email : info@dsgmc.in

ਡਿਜ਼ਾਇਨਿੰਗ : ਕੰਪਿਊਟਰ ਵਿਭਾਗ

ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1